ਪੰਜਾਬ ਪੁਲਿਸ • PSSSB • ਪੰਜਾਬ PCS • ਸਰਕਾਰੀ ਪ੍ਰੀਖਿਆਵਾਂ

HOUSE OF ASPIRANTS

ਪੰਜਾਬ ਦਾ ਇਤਿਹਾਸ

ਅਧਿਆਇ 4

ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ

ਉਸ ਵਿਅਕਤੀ ਵੱਲੋਂ ਤਿਆਰ, ਜਿਸ ਨੇ ਉਹ ਹਾਸਲ ਕਰ ਲਿਆ ਹੈ ਜਿਸ ਦੀ ਤੁਸੀਂ ਤਿਆਰੀ ਕਰ ਰਹੇ ਹੋ।

ਵੈੱਬ ਸਾਈਟ
houseofaspirants.in

ਸੰਸਕਰਣ
ਅਕਤੂਬਰ 2026

ਭਾਸ਼ਾ
ਪੰਜਾਬੀ ਅਤੇ English

House of Aspirants

ਪੰਜਾਬ ਦਾ ਦੋ-ਭਾਸ਼ੀ ਪ੍ਰੀਖਿਆ ਤਿਆਰੀ ਪਲੇਟਫਾਰਮ

houseofaspirants.in

ਜੀ ਆਇਆਂ ਨੂੰ!

House of Aspirants ਨੂੰ ਚੁਣਨ ਲਈ ਧੰਨਵਾਦ। ਇਹ ਨੋਟਸ ਹਰ ਗੰਭੀਰ ਸਰਕਾਰੀ ਪ੍ਰੀਖਿਆ ਉਮੀਦਵਾਰ ਲਈ ਤਿਆਰ ਕੀਤੇ ਗਏ ਹਨ: **ਪ੍ਰੀਖਿਆ-ਮੁਖੀ, ਸੌਖੀ ਭਾਸ਼ਾ ਵਿੱਚ ਅਤੇ ਬਿਲਕੁਲ ਮੁਫ਼ਤ**।

> “ਉਸ ਵਿਅਕਤੀ ਵੱਲੋਂ ਤਿਆਰ, ਜਿਸ ਨੇ ਉਹ ਹਾਸਲ ਕਰ ਲਿਆ ਹੈ ਜਿਸ ਦੀ ਤੁਸੀਂ ਤਿਆਰੀ ਕਰ ਰਹੇ ਹੋ।”

ਇਹਨਾਂ ਨੋਟਸ ਦਾ ਪੂਰਾ ਫ਼ਾਇਦਾ ਕਿਵੇਂ ਲਈਏ

1 ਪੜ੍ਹੋ
ਅਧਿਆਇ ਨੂੰ ਇੱਕ ਵਾਰ ਪੂਰਾ ਪੜ੍ਹੋ ਅਤੇ ਨਵੇਂ ਨੁਕਤਿਆਂ 'ਤੇ ਨਿਸ਼ਾਨ ਲਗਾਓ।

2 ਅਭਿਆਸ ਕਰੋ
houseofaspirants.in 'ਤੇ ਇਸ ਅਧਿਆਇ ਦਾ MCQ ਕੁਇਜ਼ ਹੱਲ ਕਰੋ।

3 ਦੁਹਰਾਓ
ਇਸ ਵਿਸ਼ੇ ਦੇ ਪਿਛਲੇ ਸਾਲਾਂ ਦੇ ਪ੍ਰਸ਼ਨ ਦੇਖੋ ਅਤੇ ਨਿਸ਼ਾਨ ਲੱਗੇ ਨੁਕਤੇ ਦੁਹਰਾਓ।

ਸਾਡੀ ਵੈੱਬਸਾਈਟ ਦੇਖੋ

- ਪੰਜਾਬੀ ਅਤੇ English ਵਿੱਚ ਨੋਟਸ
- ਰੋਜ਼ਾਨਾ ਕੁਇਜ਼ ਅਤੇ ਅਧਿਆਇ-ਵਾਰ MCQ
- ਮਹੀਨਾਵਾਰ ਕਰੰਟ ਅਫੇਅਰਜ਼
- 10+ ਸਾਲਾਂ ਦੇ ਪਿਛਲੇ ਪੇਪਰ (PYQ)
- ਆਪਣੀ ਪ੍ਰਗਤੀ ਦੀ ਟ੍ਰੈਕਿੰਗ

ਸਕੈਨ ਕਰੋ

www.houseofaspirants.in

ਟੈਲੀਗ੍ਰਾਮ ਚੈਨਲ ਨਾਲ ਜੁੜੋ

- ਨਵੇਂ ਨੋਟਸ ਸਭ ਤੋਂ ਪਹਿਲਾਂ
- ਰੋਜ਼ਾਨਾ ਅੱਪਡੇਟ
- ਭਰਤੀ ਨੋਟੀਫਿਕੇਸ਼ਨ
- ਹਫ਼ਤਾਵਾਰੀ PDFs
- ਲਾਈਵ ਗਾਈਡੈਂਸ ਸੈਸ਼ਨ

ਸਕੈਨ ਕਰਕੇ ਜੁੜੋ

t.me/HouseOfAspirant

ਸਿੱਖਦੇ ਰਹੋ। ਅੱਗੇ ਵਧਦੇ ਰਹੋ। ਕਾਮਯਾਬ ਹੁੰਦੇ ਰਹੋ।

ਟੀਮ House of Aspirants

© 2026 House of Aspirants. ਇਹ ਨੋਟਸ ਸਿਰਫ਼ ਵਿੱਦਿਅਕ ਮਕਸਦ ਲਈ ਹਨ। ਬਿਨਾਂ ਇਜਾਜ਼ਤ ਨਕਲ, ਮੁੜ-ਵੰਡ ਜਾਂ ਵਪਾਰਕ ਵਰਤੋਂ ਦੀ ਮਨਾਹੀ ਹੈ।

ਅਧਿਆਇ 4

ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ

ਨੌਵੇਂ ਅਤੇ ਦਸਵੇਂ ਸਿੱਖ ਗੁਰੂ

ਇਸ ਅਧਿਆਇ ਵਿੱਚ

- ਗੁਰੂ ਤੇਗ ਬਹਾਦਰ ਜੀ – ਹਿੰਦ ਦੀ ਚਾਦਰ
- ਚਾਂਦਨੀ ਚੌਕ ਵਿਖੇ ਸ਼ਹੀਦੀ
- ਗੁਰੂ ਗੋਬਿੰਦ ਸਿੰਘ ਜੀ – ਜੀਵਨ ਝਾਤ
- ਖ਼ਾਲਸੇ ਦੀ ਸਿਰਜਣਾ (1699)
- ਰਚਨਾਵਾਂ ਅਤੇ ਜ਼ਫ਼ਰਨਾਮਾ
- ਗੁਰੂ ਗੋਬਿੰਦ ਸਿੰਘ ਜੀ ਦੀਆਂ ਮੁੱਖ ਲੜਾਈਆਂ

ਗੁਰੂ 9 ਗੁਰੂ ਤੇਗ ਬਹਾਦਰ ਜੀ (1621–1675) – ਹਿੰਦ ਦੀ ਚਾਦਰ

ਝਟਪਟ ਦੁਹਰਾਈ

ਜਨਮ	1 ਅਪ੍ਰੈਲ 1621, ਅੰਮ੍ਰਿਤਸਰ
ਮਾਤਾ–ਪਿਤਾ	ਗੁਰੂ ਹਰਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ
ਪਤਨੀ	ਮਾਤਾ ਗੁਜਰੀ ਜੀ
ਪੁੱਤਰ	ਗੁਰੂ ਗੋਬਿੰਦ ਸਿੰਘ ਜੀ
ਗੁਰਗੱਦੀ	11 ਸਾਲ (1664–1675)
ਉਪਾਧੀ	ਹਿੰਦ ਦੀ ਚਾਦਰ
ਵਸਾਇਆ ਸ਼ਹਿਰ	ਅਨੰਦਪੁਰ ਸਾਹਿਬ (ਚੱਕ ਨਾਨਕੀ ਵਜੋਂ ਵੀ ਜਾਣਿਆ ਜਾਂਦਾ ਹੈ)

ਮਹੱਤਵਪੂਰਨ ਨੋਟਸ

- **ਮੱਖਣ ਸ਼ਾਹ ਲੁਬਾਣਾ: ਬਾਬਾ ਬਕਾਲਾ** ਵਿਖੇ ਗੁਰੂ ਜੀ ਨੂੰ ਪਛਾਣਿਆ ਅਤੇ ਸਿੱਖਾਂ ਦੀ ਅਗਵਾਈ ਸੰਭਾਲਣ ਲਈ ਬੇਨਤੀ ਕੀਤੀ।
- **ਸ਼ਹੀਦੀ: ਔਰੰਗਜ਼ੇਬ** ਦੇ ਹੁਕਮ 'ਤੇ **11 ਨਵੰਬਰ 1675** ਨੂੰ **ਚਾਂਦਨੀ ਚੌਕ, ਦਿੱਲੀ** ਵਿਖੇ ਗੁਰੂ ਜੀ ਨੂੰ ਉਨ੍ਹਾਂ ਦੇ ਸਿੱਖਾਂ **ਭਾਈ ਮਤੀ ਦਾਸ ਜੀ** ਅਤੇ **ਭਾਈ ਦਿਆਲਾ ਜੀ** ਸਮੇਤ ਸ਼ਹੀਦ ਕੀਤਾ ਗਿਆ। ਇਸ ਸਥਾਨ 'ਤੇ ਹੁਣ **ਗੁਰਦੁਆਰਾ ਸੀਸ ਗੰਜ ਸਾਹਿਬ** ਸਥਿਤ ਹੈ।
- **ਲੱਖੀ ਸ਼ਾਹ ਲੁਬਾਣਾ** ਨੇ ਗੁਰੂ ਜੀ ਦਾ ਪਵਿੱਤਰ ਧੜ ਆਪਣੇ ਘਰ ਲਿਜਾ ਕੇ ਸਸਕਾਰ ਕੀਤਾ। ਇਸ ਸਥਾਨ 'ਤੇ ਹੁਣ **ਗੁਰਦੁਆਰਾ ਰਕਾਬ ਗੰਜ ਸਾਹਿਬ** ਸਥਿਤ ਹੈ।
- **ਭਾਈ ਜੈਤਾ ਜੀ** ਗੁਰੂ ਜੀ ਦਾ ਪਵਿੱਤਰ ਸੀਸ **ਅਨੰਦਪੁਰ ਸਾਹਿਬ** ਲੈ ਕੇ ਆਏ।

ਚਾਂਦਨੀ ਚੌਕ – ਸ਼ਹੀਦੀ → ਸੀਸ ਗੰਜ ਸਾਹਿਬ · ਧੜ – ਲੱਖੀ ਸ਼ਾਹ ਲੁਬਾਣਾ → ਰਕਾਬ ਗੰਜ ਸਾਹਿਬ · ਸੀਸ – ਭਾਈ ਜੈਤਾ ਜੀ → ਅਨੰਦਪੁਰ ਸਾਹਿਬ

ਗੁਰੂ 10 ਗੁਰੂ ਗੋਬਿੰਦ ਸਿੰਘ ਜੀ (1666–1708)

ਝਟਪਟ ਦੁਹਰਾਈ

ਜਨਮ	22 ਦਸੰਬਰ 1666, ਪਟਨਾ (ਬਿਹਾਰ)
ਮਾਤਾ–ਪਿਤਾ	ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ
ਪਤਨੀਆਂ	ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵਾਂ ਜੀ
ਪੁੱਤਰ	ਸਾਹਿਬਜ਼ਾਦਾ ਅਜੀਤ ਸਿੰਘ (ਸਭ ਤੋਂ ਵੱਡੇ), ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫ਼ਤਹਿ ਸਿੰਘ (ਸਭ ਤੋਂ ਛੋਟੇ)
ਗੁਰਗੱਦੀ	33 ਸਾਲ (1675–1708)
ਜੋਤੀ ਜੋਤ	1708, ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ (ਗੋਦਾਵਰੀ ਨਦੀ ਕੰਢੇ)

ਖ਼ਾਲਸੇ ਦੀ ਸਿਰਜਣਾ

- **ਖ਼ਾਲਸਾ ਪੰਥ: 30 ਮਾਰਚ 1699** (ਵਿਸਾਖੀ) ਨੂੰ **ਅਨੰਦਪੁਰ ਸਾਹਿਬ** ਵਿਖੇ ਸਥਾਪਨਾ; ਇਸੇ ਦਿਨ **ਖੰਡੇ ਦੀ ਪਾਹੁਲ** (ਅੰਮ੍ਰਿਤ) ਛਕਾਈ ਗਈ
- **ਪੰਜ ਕਕਾਰ:** ਕਛਹਿਰਾ, ਕੜਾ, ਕਿਰਪਾਨ, ਕੰਘਾ, ਕੇਸ
- **ਪੰਜ ਪਿਆਰੇ:** ਪੰਜ ਪਿਆਰਿਆਂ ਦੀ ਲੋਕਤੰਤਰੀ ਸੰਸਥਾ ਦੀ ਸਿਰਜਣਾ
- **ਜੈਕਾਰਾ:** "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ"

ਮੁਖ ਰਚਨਾਵਾ

- **ਜਾਪੁ ਸਾਹਿਬ**
- **ਅਕਾਲ ਉਸਤਤਿ**
- **ਚੌਪਈ ਸਾਹਿਬ**
- **ਬਚਿੱਤਰ ਨਾਟਕ** (ਸਵੈ-ਜੀਵਨੀ)
- **ਚੰਡੀ ਚਰਿੱਤਰ**
- **ਚੌਬੀਸ ਅਵਤਾਰ**
- **ਵਾਰ ਸ੍ਰੀ ਭਗਉਤੀ ਜੀ ਕੀ** (ਚੰਡੀ ਦੀ ਵਾਰ) – ਪੰਜਾਬੀ ਵਿੱਚ
- **ਗਿਆਨ ਪ੍ਰਬੋਧ**
- **ਖ਼ਾਲਸੇ ਦੀ ਮਹਿਮਾ**
- **ਸਵੱਈਏ**

- **ਜ਼ਫ਼ਰਨਾਮਾ:** ਮੁਗ਼ਲ ਬਾਦਸ਼ਾਹ **ਔਰੰਗਜ਼ੇਬ** ਨੂੰ ਲਿਖਿਆ ਪੱਤਰ – ਚਮਕੌਰ ਸਾਹਿਬ ਦੀ ਲੜਾਈ ਤੋਂ ਬਾਅਦ ਪਿੰਡ **ਦੀਨਾ** (1706) ਵਿਖੇ ਲਿਖਿਆ ਅਤੇ **ਭਾਈ ਦਇਆ ਸਿੰਘ** ਤੇ **ਭਾਈ ਧਰਮ ਸਿੰਘ** ਰਾਹੀਂ ਭੇਜਿਆ।
- **ਕੌਮੀ ਤਰਾਨਾ:** "ਦੇਹ ਸ਼ਿਵਾ ਬਰ ਮੋਹਿ ਇਹੈ"

ਦਮਦਮਾ ਸਾਹਿਬ – ਗੁਰੂ ਕੀ ਕਾਸ਼ੀ

ਖਿਦਰਾਣੇ ਦੀ ਲੜਾਈ ਤੋਂ ਬਾਅਦ ਗੁਰੂ ਜੀ ਬਰਾੜ ਸਿੱਖ **ਚੌਧਰੀ ਡੱਲਾ** ਦੇ ਸੱਦੇ 'ਤੇ **ਤਲਵੰਡੀ ਸਾਬੋ** (ਹੁਣ **ਦਮਦਮਾ ਸਾਹਿਬ**, ਜਿਸ ਨੂੰ **ਗੁਰੂ ਕੀ ਕਾਸ਼ੀ** ਵੀ ਕਹਿੰਦੇ ਹਨ) ਗਏ। ਇੱਥੇ ਗੁਰੂ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕਰਕੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਅੰਤਿਮ ਬੀੜ ਤਿਆਰ ਕਰਵਾਈ (ਲਿਖਾਰੀ: ਭਾਈ ਮਨੀ ਸਿੰਘ)। ਗੁਰੂ ਗੋਬਿੰਦ ਸਿੰਘ ਜੀ ਦੀਆਂ ਆਪਣੀਆਂ ਰਚਨਾਵਾਂ ਦਾ ਸੰਗ੍ਰਹਿ – **ਦਸਮ ਗ੍ਰੰਥ** – ਬਾਅਦ ਵਿੱਚ ਭਾਈ ਮਨੀ ਸਿੰਘ ਨੇ ਤਿਆਰ ਕੀਤਾ।

ਮੁੱਖ ਲੜਾਈਆਂ

ਲੜਾਈ	ਸਾਲ	ਕਿਸ ਵਿਰੁੱਧ	ਨਤੀਜਾ
ਭੰਗਾਣੀ	1688	ਗੜ੍ਹਵਾਲ ਦਾ ਰਾਜਾ ਫ਼ਤਹਿ ਸ਼ਾਹ ਅਤੇ ਪਹਾੜੀ ਰਾਜੇ	ਜਿੱਤ

HOUSE OF ASPIRANTS
Learn from someone who has already achieved what you are preparing for.

ਲੜਾਈ	ਸਾਲ	ਕਿਸ ਵਿਰੁੱਧ	ਨਤੀਜਾ
ਨਦੌਣ	1690	ਅਲਿਫ਼ ਖ਼ਾਨ (ਮੁਗ਼ਲ)	ਜਿੱਤ
ਅਨੰਦਪੁਰ (ਪਹਿਲੀ)	1701	ਰਾਜਾ ਭੀਮ ਚੰਦ	ਜਿੱਤ
ਨਿਰਮੋਹਗੜ੍ਹ	1702	ਪਹਾੜੀ ਰਾਜੇ ਅਤੇ ਮੁਗ਼ਲ	ਜਿੱਤ
ਬਸੌਲੀ	1702	ਰਾਜਾ ਭੀਮ ਚੰਦ	ਜਿੱਤ
ਅਨੰਦਪੁਰ (ਦੂਜੀ)	1704	ਪਹਾੜੀ ਰਾਜੇ ਅਤੇ ਵਜ਼ੀਰ ਖ਼ਾਨ	ਅਨੰਦਪੁਰ ਖ਼ਾਲੀ ਕੀਤਾ
ਚਮਕੌਰ	1704	ਮੁਗ਼ਲ ਫ਼ੌਜਾਂ	ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਸ਼ਹੀਦ
ਖਿਦਰਾਣਾ (ਮੁਕਤਸਰ)	1705	ਮੁਗ਼ਲ ਫ਼ੌਜਾਂ	ਸਿੱਖਾਂ ਨੇ ਮੁਗ਼ਲਾਂ ਨੂੰ ਹਰਾਇਆ, ਪਰ 40 ਸਿੰਘ (**ਚਾਲੀ ਮੁਕਤੇ**) ਸ਼ਹੀਦ ਹੋਏ। **ਮਾਈ ਭਾਗੋ** (ਝਬਾਲ ਤੋਂ) ਨੇ ਬਹਾਦਰੀ ਨਾਲ ਲੜ ਕੇ ਅਗਵਾਈ ਕੀਤੀ।

ਮਹੱਤਵਪੂਰਨ ਨੋਟਸ

- **ਖ਼ਤਮ ਕੀਤੀ:** ਮਸੰਦ ਪ੍ਰਥਾ
- **ਹੋਲਾ ਮਹੱਲਾ:** ਗੁਰੂ ਜੀ ਨੇ ਅਨੰਦਪੁਰ ਸਾਹਿਬ ਵਿਖੇ (1701) ਜੰਗੀ ਕਰਤੱਬਾਂ ਦੇ ਤਿਉਹਾਰ ਵਜੋਂ ਸ਼ੁਰੂ ਕੀਤਾ, ਜੋ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਖ਼ਾਲਸਾ ਸਾਜਨਾ ਦਿਵਸ **ਵਿਸਾਖੀ** ਵਜੋਂ ਮਨਾਇਆ ਜਾਂਦਾ ਹੈ।
- **ਜਾਜਊ ਦੀ ਲੜਾਈ:** ਗੁਰੂ ਜੀ ਨੇ **8 ਜੂਨ 1707** ਨੂੰ ਜਾਜਊ ਦੀ ਲੜਾਈ ਵਿੱਚ **ਬਹਾਦਰ ਸ਼ਾਹ** ਦੀ ਮਦਦ ਕੀਤੀ। ਜਿੱਤ ਤੋਂ ਬਾਅਦ ਗੁਰੂ ਜੀ **23 ਜੁਲਾਈ 1707** ਨੂੰ **ਆਗਰਾ** ਵਿਖੇ ਨਵੇਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਮਿਲੇ।

ਝਟਪਟ ਦੁਹਰਾਈ

- ਗੁਰੂ ਤੇਗ ਬਹਾਦਰ ਜੀ: **ਹਿੰਦ ਦੀ ਚਾਦਰ** · ਬਾਬਾ ਬਕਾਲਾ (ਮੱਖਣ ਸ਼ਾਹ) · **ਅਨੰਦਪੁਰ ਸਾਹਿਬ** (ਚੱਕ ਨਾਨਕੀ) · ਸ਼ਹੀਦੀ **11 ਨਵੰਬਰ 1675**, ਚਾਂਦਨੀ ਚੌਕ
- ਗੁਰੂ ਗੋਬਿੰਦ ਸਿੰਘ ਜੀ: ਜਨਮ ਪਟਨਾ **1666** · ਖ਼ਾਲਸਾ **1699** · ਜ਼ਫ਼ਰਨਾਮਾ (ਦੀਨਾ) · ਅੰਤਿਮ ਬੀੜ **ਦਮਦਮਾ ਸਾਹਿਬ** · ਜੋਤੀ ਜੋਤ **ਨਾਂਦੇੜ 1708**
- ਲੜਾਈਆਂ: ਭੰਗਾਣੀ **1688** (ਪਹਿਲੀ) · ਚਮਕੌਰ **1704** · ਖਿਦਰਾਣਾ/ਮੁਕਤਸਰ **1705** (ਚਾਲੀ ਮੁਕਤੇ, ਮਾਈ ਭਾਗੋ)

HOUSE OF ASPIRANTS
Learn from someone who has already achieved what you are preparing for.